

# ਖਾਲਿਸਤਾਨ ਕਾਲਿੰਗ


Khalistan Affairs Centre
956-National Press Building
Washington, DC
20045
Ph: 202-637-9210
Fax: 202-637-9211
Email: kacwashdc@yahoo.com
www.khalistan-affairs.org



## ਡਾ. ਅਮਰਜੀਤ ਸਿੰਘ
## ਵਾਸ਼ਿੰਗਟਨ ਡੀ. ਸੀ. ਦੀ
## ਕਲਮ ਤੋਂ


---

## 26 ਮਿਲੀਅਨ ਸਿੱਖ ਕੌਮ ਨੇ, ਘੱਲੂਘਾਰਾ–ਜੂਨ 1984 ਦੀ 24ਵੀਂ ਵਰ੍ਹੇਗੰਢ, ਪੂਰੇ ਜਾਹੋ–ਜਲਾਲ ਨਾਲ ਮਨਾ ਕੇ ਦੱਸ ਦਿੱਤਾ ਕਿ ਖਾਲਿਸਤਾਨ ਦੀ ਗੱਲ 'ਮੁੱਕੀ ਨਹੀਂ' ਸਗੋਂ 'ਦੂਣ–ਸਵਾਈ' ਹੋਈ ਹੈ!

## ਪਰਦੇਸੀ ਖਾਲਸਾ ਜੀ ਨੂੰ ਚੈਲੰਜ –

## ਘੱਲੂਘਾਰਾ ਜੂਨ-84, ਨਵੰਬਰ-84 ਅਤੇ ਸਿੱਖ ਨਸਲਕੁਸ਼ੀ 84-95 ਦੇ ਸਮੂਹ ਸ਼ਹੀਦ ਸਿੰਘ-ਸਿੰਘਣੀਆਂ ਦੀ ਯਾਦ ਨੂੰ ਸਮਰਪਿਤ 'ਯਾਦਗਾਰ-ਏ-ਸ਼ਹੀਦਾਂ' ਮਿਊਜ਼ੀਅਮ-ਲਾਇਬਰੇਰੀ ਨਿਊਯਾਰਕ ਵਿੱਚ ਯੂਨਾਈਟਿਡ ਨੇਸ਼ਨਜ਼ ਦੀ ਬਿਲਡਿੰਗ ਦੇ ਨੇੜੇ-ਤੇੜੇ ਸਥਾਪਤ ਕੀਤੀ ਜਾਵੇ!

## *ਕੀ ਘੱਲੂਘਾਰੇ ਦੀ 25ਵੀਂ ਯਾਦ (ਜੂਨ–2009) ਵੇਲੇ ਇਸ ਪ੍ਰੌਜੈਕਟ ਨੂੰ ਰੇੜ੍ਹੇ ਪਾਇਆ ਜਾਵੇਗਾ?*

ਵਾਸ਼ਿੰਗਟਨ (ਡੀ. ਸੀ.) 11 ਜੂਨ, 2008 – ਭਾਰਤੀ ਹਾਕਮ ਅਤੇ ਦੇਸ਼–ਵਿਦੇਸ਼ ਵਿਚਲੇ ਉਹਨਾਂ ਦੇ ਦੁਮਛੱਲੇ ਸਮੇਂ ਸਮੇਂ ਇਹ ਪ੍ਰਾਪੇਗੰਡਾ ਕਰਦੇ ਨਹੀਂ ਥੱਕਦੇ ਕਿ ਸਿੱਖਾਂ ਵਿੱਚ ਖਾਲਿਸਤਾਨ ਦੀ ਗੱਲ ਹੁਣ ਮੁੱਕ ਚੁੱਕੀ ਹੈ ਅਤੇ ਸਿੱਖਾਂ ਨੇ ਭਾਰਤ ਨਾਲ ਰਿਸ਼ਤਿਆਂ ਦਾ ਇੱਕ ਨਵਾਂ 'ਸਦ–

ਭਾਵਨਾ' ਚੈਪਟਰ ਖੋਲ ਲਿਆ ਹੈ। ਪਗੜੀਧਾਰੀ ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਥਾਪ ਕੇ, ਉਹਨਾਂ ਪ੍ਰਚਾਰਿਆ ਕਿ 'ਖੁਸ਼ਵੰਤ ਸਿੰਘ ਦੇ ਸ਼ਬਦਾਂ ਵਿੱਚ) ਸਿੱਖਾਂ ਦੀ 'ਰਾਜ ਕਰੇਗਾ ਖਾਲਸਾ' ਦੀ ਅਰਦਾਸ 'ਪੂਰੀ' ਕਰ ਦਿੱਤੀ ਗਈ ਹੈ। ਅਮਰੀਕਾ ਦੇ ਇੱਕ ਹੋਰ ਦੁਮਛੱਲੇ ਪੱਤਰਕਾਰ ਨੇ, ਮਨਮੋਹਣ ਸਿੰਘ ਦੇ ਪ੍ਰਧਾਨ ਮੰਤਰੀ ਬਣਨ 'ਤੇ ਆਪਣੀ ਅਖਬਾਰ ਵਿੱਚ ਇਹ ਸਵਾਲ ਕੀਤਾ – 'ਹੁਣ ਖਾਲਿਸਤਾਨੀਆਂ ਕੋਲ ਭਾਰਤ ਦੇ ਖਿਲਾਫ ਕਹਿਣ ਲਈ ਕੀ ਬਚਿਆ ਹੈ?' ਮਨਮੋਹਣ ਸਿੰਘ ਸਰਕਾਰ ਦੇ ਚਾਰ ਵਰ੍ਹੇ ਪੂਰੇ ਹੋ ਗਏ ਹਨ। ਇਹਨਾਂ ਵਰ੍ਹਿਆਂ ਵਿੱਚ ਭਾਰਤ ਸਰਕਾਰ ਨੇ ਸਿੱਖਾਂ ਪ੍ਰਤੀ ਦੋ-ਮੂੰਹੀ ਨੀਤੀ ਅਪਣਾਈ। ਪੰਜਾਬ ਵਿੱਚ ਕਾਂਗਰਸੀ ਹਾਈਕਮਾਂਡ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਲਾਂਭੇ ਕਰਕੇ ਪੰਜਾਬ ਕਾਂਗਰਸ ਵਿਚਲੀ ਸਿੱਖ-ਵਿਰੋਧੀ ਲਾਬੀ ਦੀ ਸਰਗਣਾ – ਰਜਿੰਦਰ ਭੱਠਲ ਨੂੰ ਨਿਵਾਜਿਆ ਪਰ ਨਾਲ ਹੀ ਸਿੱਖਾਂ ਵਿੱਚ 'ਹਿੰਦੂਤਵ' ਦੀ ਘੁਸਪੈਠ ਕਰਵਾਉਣ ਵਾਲੇ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਮੂੰਹ ਮੰਗੀਆਂ ਮੁਰਾਦਾਂ ਦਿੱਤੀਆਂ। ਪ੍ਰਕਾਸ਼ ਸਿੰਘ ਬਾਦਲ ਨੇ ਕੂੜ ਸੌਦਾ ਮੁੱਦਾ, ਜੂਨ-84 ਦੇ ਸ਼ਹੀਦਾਂ ਦੀ ਯਾਦਗਾਰ ਦਾ ਮੁੱਦਾ, ਕਾਲੀਆਂ ਸੂਚੀਆਂ ਦਾ ਮੁੱਦਾ, ਧਰਮ-ਯੁੱਧ ਮੋਰਚੇ ਦੌਰਾਨ ਅਕਾਲੀਆਂ ਦੇ ਪ੍ਰਮੁੱਖ ਮੁੱਦਿਆਂ, ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟਸ ਐਕਟ-2004 ਦੇ ਸੈਕਸ਼ਨ 5 ਨੂੰ ਰੱਦ ਕਰਵਾਉਣ ਦਾ ਮੁੱਦਾ ਆਦਿਕ, ਇਹਨਾਂ ਸਭ ਮੁੱਦਿਆਂ ਨੂੰ 'ਠੰਡੇ ਬਸਤੇ' ਵਿੱਚ ਪਾ ਕੇ, ਕੇਂਦਰ ਸਰਕਾਰ ਅਤੇ ਹਿੰਦੂਤਵੀਆਂ ਦੀਆਂ ਖੁਸ਼ੀਆਂ ਹਾਸਲ ਕੀਤੀਆਂ। ਮਨਮੋਹਣ ਸਿੰਘ ਸਰਕਾਰ ਨੇ, ਭਾਰਤੀ ਨਕਸ਼ੇ ਦੀ ਕੈਦ ਤੋਂ ਬਾਹਰ ਵਸਦੇ 30 ਲੱਖ ਸਿੱਖਾਂ ਨੂੰ ਦੁਸ਼ਮਣ ਨੰਬਰ ਇੱਕ ਐਲਾਨਦਿਆਂ ਇਹਨਾਂ ਦੇ ਖਿਲਾਫ ਵਿਉਂਤਬੰਧ ਮੁਹਿੰਮ ਸ਼ੁਰੂ ਕੀਤੀ। ਮਨਮੋਹਣ ਸਿੰਘ ਨੇ ਲਿਖਤੀ ਤੌਰ 'ਤੇ ਦੋਸ਼ ਲਾਇਆ ਕਿ ਬਾਹਰ ਬੈਠੇ ਸਿੱਖ, ਪੰਜਾਬ ਵਿੱਚ ਦਹਿਸ਼ਤਗਰਦੀ ਨੂੰ ਹਵਾ ਦੇ ਰਹੇ ਹਨ। ਕੈਨੇਡਾ ਵਿੱਚ ਭਾਰਤ ਸਰਕਾਰ ਦੀਆਂ ਅੰਬੈਸੀਆਂ-ਕੌਂਸਲੇਟਾਂ ਨੇ ਵਿਸਾਖੀ ਮੌਕੇ ਨਗਰ-ਕੀਰਤਨਾਂ ਵਿੱਚ ਸ਼ਹੀਦਾਂ ਦੀਆਂ ਫੋਟੋਆਂ 'ਤੇ 'ਪਾਬੰਦੀ' ਲਵਾਉਣ ਲਈ ਜ਼ੋਰਦਾਰ ਮੁਹਿੰਮ ਚਲਾਈ ਪਰ ਮੂੰਹ ਦੀ ਖਾਧੀ। ਜੂਨ-1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਨੂੰ, ਦੁਨੀਆਂ ਭਰ ਵਿੱਚ ਬੈਠੀ ਸਿੱਖ ਕੌਮ ਨੇ ਜਿਵੇਂ ਭਰੇ ਮਨਾਂ ਪਰ ਭਾਰਤੀ ਜ਼ੁਲਮਾਂ ਦੇ ਖਿਲਾਫ ਤਿੱਖੇ ਰੋਹ ਦੇ ਪ੍ਰਗਟਾਵੇ ਨਾਲ ਮਨਾਇਆ ਹੈ – ਉਸ ਤੋਂ ਭਾਰਤੀ ਹਾਕਮਾਂ ਅਤੇ ਉਨ੍ਹਾਂ ਦੇ ਦੁਮਛੱਲਿਆਂ ਨੂੰ ਇਹ ਸਪੱਸ਼ਟ ਸੁਨੇਹਾ ਮਿਲ ਜਾਣਾ ਚਾਹੀਦਾ ਹੈ ਕਿ ਗੱਲ ਮੁੱਕੀ ਨਹੀਂ ਸਗੋਂ ਦੂਣ-ਸਵਾਈ ਹੋਈ ਹੈ। 26 ਮਿਲੀਅਨ ਸਿੱਖ ਕੌਮ, ਆਪਣੇ ਡੇਢ ਲੱਖ ਤੋਂ ਜ਼ਿਆਦਾ ਖਾਲਿਸਤਾਨੀ ਸ਼ਹੀਦਾਂ ਦੇ ਵਾਰਸ ਕੇਸਰੀ-ਕਾਫਲੇ ਨੂੰ ਆਪਣੀ ਮੰਜ਼ਿਲੇ-ਮਕਸੂਦ ਖਾਲਿਸਤਾਨ ਤੱਕ ਪਹੁੰਚਾ ਕੇ ਹੀ ਦਮ ਲਵੇਗੀ – ਇਸ ਬਾਰੇ ਕੋਈ ਸ਼ੱਕ-ਸ਼ੁਬਾ ਨਹੀਂ ਹੋਣਾ ਚਾਹੀਦਾ।

ਮੀਡੀਆ ਰਿਪੋਰਟਾਂ ਅਨੁਸਾਰ, ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੋਂ ਲੈ ਕੇ ਉੱਤਰੀ ਅਮਰੀਕਾ, ਸਮੁੱਚੇ ਯੂਰਪ, ਏਸ਼ੀਆ, ਅਫਰੀਕਾ, ਦੱਖਣੀ ਅਮਰੀਕਾ ਤੱਕ ਦੇ ਗੁਰਦੁਆਰਾ ਸਾਹਿਬਾਨਾਂ ਵਿੱਚ ਘੱਲੂਘਾਰਾ ਹਫਤਾ – ਸ਼ਹੀਦੀ ਹਫਤੇ ਵਜੋਂ ਮਨਾਇਆ ਗਿਆ। ਥਾਂ-ਥਾਂ ਵਿਸ਼ੇਸ਼ ਸੈਮੀਨਾਰ, ਰੋਸ-ਵਿਖਾਵੇ, ਕੈਂਡਲ ਲਾਈਟ ਵਿਜਿਲ ਆਦਿਕ ਆਯੋਜਤ ਕੀਤੇ ਗਏ। ਲੰਡਨ ਦੇ ਹਾਈਡ-ਪਾਰਕ ਵਿੱਚ ਦਸ ਹਜ਼ਾਰ ਤੋਂ ਜ਼ਿਆਦਾ ਦਾ ਰੋਸ-ਵਿਖਾਵਾ, ਜੂਨ-1984 ਦੇ ਰੋਸ ਵਿਖਾਵੇ ਦੀ ਯਾਦ ਤਾਜ਼ਾ ਕਰਵਾ ਰਿਹਾ ਸੀ। ਵੈਨਕੂਵਰ ਵਿੱਚ ਅੱਡ-ਅੱਡ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ, ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧਕਾਂ ਦੀ 'ਪੰਥਕ ਏਕਤਾ' ਦੀ ਮਿਸਾਲ ਵੈਨਕੂਵਰ ਵਿਚਲਾ ਕੈਂਡਲ ਲਾਈਟ ਵਿਜਿਲ ਸੀ, ਜਿਸ ਵਿੱਚ ਹਜ਼ਾਰਾਂ ਸਿੱਖਾਂ ਦੀ ਸ਼ਮੂਲੀਅਤ ਦੱਸ ਰਹੀ ਸੀ ਕਿ ਬੀ. ਸੀ. ਦੀ 'ਲੰਗਰ ਹੁਕਮਨਾਮੇ' ਤੋਂ ਬਾਅਦ ਵੰਡੀ ਸਿੱਖ ਸੰਗਤ, ਆਪਣੇ ਸ਼ਹੀਦਾਂ ਦੀ ਯਾਦ ਵਿੱਚ 'ਇੱਕ ਸੂਤਰ' ਵਿੱਚ ਪਰੋਈ ਹੋਈ ਹੈ।

ਨਿਊਯਾਰਕ, ਨਿਊਜਰਸੀ, ਕਨੈਕਟੀਕਟ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ 20 ਤੋਂ ਜ਼ਿਆਦਾ ਗੁਰਦੁਆਰਿਆਂ ਦੇ ਬਾਹਰ ਕੀਤਾ ਗਿਆ ਕੈਂਡਲ ਲਾਈਟ ਵਿਜਿਲ ਅਤੇ ਯੂਨਾਈਟਿਡ ਨੇਸ਼ਨਜ਼ ਦੇ ਬਾਹਰ ਕੀਤਾ ਰੋਸ-ਵਿਖਾਵਾ ਬੇਹੱਦ ਸਫਲ ਰਹੇ। ਸਾਨ ਫਰਾਂਸਿਸਕੋ, ਸ਼ਿਕਾਗੋ, ਟਰਾਂਟੋ, ਫਰੈਂਕਫਰਟ (ਜਰਮਨੀ) ਆਦਿਕ ਸ਼ਹਿਰਾਂ ਵਿੱਚ ਹਰ ਵਰ੍ਹੇ ਕੀਤੇ ਜਾਂਦੇ ਰੋਸ-ਵਿਖਾਵੇ ਇਸ ਵਾਰ ਵੀ ਕੀਤੇ ਗਏ। ਚੰਡੀਗੜ੍ਹ, ਅੰਮ੍ਰਿਤਸਰ, ਗੋਨਿਆਣਾ (ਬਠਿੰਡਾ), ਫਤਹਿਗੜ੍ਹ ਸਾਹਿਬ ਆਦਿਕ ਅੱਡ-ਅੱਡ ਸ਼ਹਿਰਾਂ ਵਿੱਚ ਸਫਲ ਸੈਮੀਨਾਰਾਂ ਦਾ ਆਯੋਜਨ ਕੀਤਾ ਗਿਆ। ਦਲ ਖਾਲਸਾ, ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਵਲੋਂ ਇਨ੍ਹਾਂ ਸੈਮੀਨਾਰਾਂ ਦਾ ਆਯੋਜਨ ਕੀਤਾ ਗਿਆ। ਸਿਰਦਾਰ ਸਿਮਰਨਜੀਤ ਸਿੰਘ ਮਾਨ ਨੇ 6 ਜੂਨ ਦੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਮਾਗਮ ਮੌਕੇ – 'ਖਾਲਿਸਤਾਨ ਜਿੰਦਾਬਾਦ' ਦੇ ਬੁਲੰਦ ਨਾਹਰੇ ਨਾਲ ਕੌਮੀ ਜਜ਼ਬਿਆਂ ਦੀ ਤਰਜ਼ਮਾਨੀ ਕੀਤੀ। ਭਾਰਤੀ ਹਕੂਮਤ, ਜਿਹਨਾਂ 'ਸ਼ਹੀਦਾਂ' ਦੀਆਂ ਫੋਟੋਆਂ, ਕੈਨੇਡਾ ਦੇ ਨਗਰ ਕੀਰਤਨਾਂ ਮੌਕੇ ਨਹੀਂ ਲੱਗਣ ਦੇਣਾ ਚਾਹੁੰਦੀ, ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਸਿਰੋਪਾਓ ਦੇ ਕੇ ਨਿਵਾਜਿਆ ਗਿਆ। ਜੂਨ – 1984 ਵਿੱਚ ਅਕਾਲ ਤਖਤ ਸਾਹਿਬ ਦੀ ਰੱਖਿਆ ਲਈ ਜੂਝ ਕੇ ਸ਼ਹੀਦੀ ਪਾਉਣ ਵਾਲੇ ਵੀਹਵੀਂ ਸਦੀ ਦੇ ਮਹਾਨ ਸਿੱਖ, ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਹੋਣ ਦੀ ਸੂਰਤ ਵਿੱਚ ਖਾਲਿਸਤਾਨ ਦੀ ਨੀਂਹ ਰੱਖਣ ਦੀ ਕੀਤੀ ਗਈ ਪੇਸ਼ੀਨਗੋਈ ਅੱਜ ਅੱਖਰ-ਅੱਖਰ ਸੱਚ ਸਾਬਤ ਹੋ ਰਹੀ ਹੈ। ਪਿਛਲੇ 24 ਵਰ੍ਹਿਆਂ ਤੋਂ ਖਾਲਿਸਤਾਨ ਦਾ 'ਮਹਿਲ' ਉਸਰ ਰਿਹਾ ਹੈ, ਜਿਸ ਵਿੱਚ ਡੇਢ ਲੱਖ ਤੋਂ ਜ਼ਿਆਦਾ ਸਿੰਘਾਂ-ਸਿੰਘਣੀਆਂ ਨੇ ਆਪਣੀ ਰੱਤ ਪਾਈ ਹੈ। ਖਾਲਿਸਤਾਨ ਦੇ ਝੰਡਾ-ਬਰਦਾਰ, ਹੁਣ ਸਿੱਖਾਂ ਦੀ ਜੂਨ-84 ਤੋਂ ਬਾਅਦ ਜੰਮੀ ਨਵੀਂ-ਪੀੜ੍ਹੀ ਦੇ ਗੱਭਰੂ-ਮੁਟਿਆਰਾਂ ਹਨ, ਜੋ ਸਮੇਂ ਦੀਆਂ ਤਕਨੀਕਾਂ ਅਤੇ ਸਾਧਨਾਂ ਤੋਂ ਭਲੀ ਭਾਂਤ ਜਾਣੂੰ ਹੋਣ ਕਰਕੇ ਪੂਰੀ ਦੁਨੀਆ ਅੱਗੇ 'ਸੱਚ' ਲਿਆਉਣ ਦੇ ਸਮਰੱਥ ਹਨ। ਅੰਮ੍ਰਿਤਸਰ ਤੋਂ ਅਲਾਸਕਾ ਤੱਕ ਸ਼ਹੀਦਾਂ ਦੇ ਵਾਰਸਾਂ ਦੀ ਇੱਕ ਲੰਮੀ ਨਾ-ਟੁੱਟਣ ਵਾਲੀ ਕਤਾਰ ਹੈ।

ਅਸੀਂ ਬੜੀ ਨਿਮਰਤਾ ਸਹਿਤ ਸਮੁੱਚੀ ਸਿੱਖ ਕੌਮ ਨੂੰ ਇੱਕ ਚੈਲਿੰਜ ਭਰਿਆ ਪ੍ਰੌਜੈਕਟ ਦੇਣਾ ਚਾਹੁੰਦੇ ਹਾਂ। ਦੁਨੀਆਂ ਦੀਆਂ ਅੱਡ-ਅੱਡ ਕੌਮਾਂ ਨੇ ਆਪਣੇ 'ਤੇ ਹੋਏ ਜ਼ੁਲਮਾਂ-ਨਸਲਕੁਸ਼ੀਆਂ ਦੀ ਯਾਦ ਵਿੱਚ ਸਮਾਰਕ-ਮਿਊਜ਼ੀਅਮ ਆਦਿ ਸਥਾਪਤ ਕੀਤੇ ਹੋਏ ਹਨ। ਯਹੂਦੀ ਕੌਮ ਨੇ ਲਾਸ ਏਂਜਲਸ, ਵਾਸ਼ਿੰਗਟਨ (ਡੀ. ਸੀ.), ਤੈਲ ਅਵੀਵ (ਇਜ਼ਰਾਈਲ) ਆਦਿ ਸ਼ਹਿਰਾਂ ਵਿੱਚ ਵੱਡੇ-ਵੱਡੇ 'ਹੋਲੋਕਾਸਟ ਮਿਊਜ਼ੀਅਮ' ਬਣਾਏ ਹੋਏ ਹਨ। ਜੂਨ-1984 ਤੋਂ 1995 ਤੱਕ (31 ਅਗਸਤ 1995 ਨੂੰ ਮੁੱਖ ਮੰਤਰੀ ਬੇਅੰਤੇ ਦੇ ਮਾਰੇ ਜਾਣ 'ਤੇ ਹੀ ਉਪਰੋਕਤ ਦੌਰ ਦੀ ਨਸਲਕੁਸ਼ੀ ਨੂੰ ਠੱਲ੍ਹ ਪਈ ਸੀ) ਇੱਕ ਅੰਦਾਜ਼ੇ ਮੁਤਾਬਿਕ ਡੇਢ ਲੱਖ ਤੋਂ ਜ਼ਿਆਦਾ ਸਿੱਖ ਨੌਜਵਾਨਾਂ-ਬੀਬੀਆਂ, ਬੱਚੇ-ਬੁੱਢੇ, ਭਾਰਤੀ ਸਰਕਾਰ ਨੇ ਮਾਰ ਮੁਕਾਏ। ਜੂਨ -1984 ਦਾ ਘੱਲੂਘਾਰਾ ਵਰਤਾਇਆ ਗਿਆ ਅਤੇ ਫੇਰ ਪੰਜਾਬ ਵਿੱਚ ਲਗਾਤਾਰ 11 ਵਰ੍ਹੇ ਸਿੱਖ ਜਵਾਨੀ ਦੀ ਨਸਲਕੁਸ਼ੀ ਕੀਤੀ ਗਈ। ਐਮਨੈਸਟੀ ਇੰਟਰਨੈਸ਼ਨਲ, ਹਿਊਮਨ ਰਾਈਟਸ ਵਾਚ ਵਰਗੀਆਂ ਜਥੇਬੰਦੀਆਂ ਨੂੰ ਹੁਣ ਵੀ ਪੰਜਾਬ ਜਾਣ ਦੀ ਆਗਿਆ ਨਹੀਂ ਹੈ।

300 ਕਰੋੜ ਰੁਪਈਏ ਤੋਂ ਜ਼ਿਆਦਾ ਬਜਟ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 2005 ਵਿੱਚ, ਸ੍ਰੀ ਅਕਾਲ ਤਖਤ ਸਾਹਿਬ ਦੇ ਨੇੜੇ ਜੂਨ-84 ਦੇ ਸ਼ਹੀਦਾਂ ਦੀ ਯਾਦ ਵਿੱਚ 'ਯਾਦਗਾਰ-ਏ-ਸ਼ਹੀਦਾਂ' ਬਣਾਉਣ ਦਾ ਫੈਸਲਾ ਲਿਆ ਸੀ। ਪਰ ਤਿੰਨ ਸਾਲ ਬਾਅਦ, ਹੁਣ ਸ਼੍ਰੋਮਣੀ ਕਮੇਟੀ ਪ੍ਰਧਾਨ ਮੱਕੜ ਕਹਿ ਰਿਹਾ ਹੈ ਕਿ 'ਬੀਤੇ ਨੂੰ ਛੱਡੋ ਅਜੇ ਸਾਡੇ ਕੋਲ ਹੋਰ ਬਥੇਰੇ ਕੰਮ ਨੇ ਕਰਣ ਵਾਲੇ.....' ਜ਼ਾਹਰ ਹੈ ਕਿ ਬਾਦਲ ਦੇ ਤਾਬਿਆਦਾਰ ਆਪਣੇ ਮਾਲਕ ਵਾਂਗ 'ਭਗੌੜੇ' ਹਨ ਅਤੇ ਕੋਈ ਆਸ ਨਹੀਂ ਕਿ ਇਹਨਾਂ ਨੇ ਕੋਈ ਯਾਦਗਾਰ ਉਸਾਰਨੀ ਹੈ। ਇਹਨਾਂ ਨੇ ਤਾਂ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸੰਤ ਭਿੰਡਰਾਂਵਾਲਿਆਂ ਦੀ ਫੋਟੋ ਵੀ ਚੋਰੀ ਛਿਪੇ ਹੀ ਲਾਈ ਹੈ ਅਤੇ ਕਿਸੇ ਨੇ ਵੀ ਫੇਰ ਹਿੰਦੂਤਵੀ-ਅਟੈਕ ਦਾ ਦਲੇਰੀ ਨਾਲ ਜਵਾਬ ਨਹੀਂ ਦਿੱਤਾ - ਸਭ ਭਿੱਜੀਆਂ ਬਿੱਲੀਆਂ ਹੀ ਬਣ ਗਏ।

ਪਰਦੇਸੀ ਖਾਲਸਾ ਜੀ! ਕੀ ਅਸੀਂ ਸ਼ਹੀਦਾਂ ਦੀ ਯਾਦਗਾਰ ਬਣਾਉਣ ਲੀ ਕੁਝ ਕਰਨ ਦੀ ਸਮਰੱਥਾ ਨਹੀਂ ਰੱਖਦੇ ? 2009 ਵਿੱਚ ਘੱਲੂਘਾਰਾ-84 ਦੀ 25ਵੀਂ ਵਰ੍ਹੇਗੰਢ ਹੋਣੀ ਹੈ। ਇੱਕ ਚੌਥਾਈ ਸਦੀ ਬੀਤਣ ਬਾਅਦ ਵੀ, ਕੀ ਅਸੀਂ ਸਿੱਖੀ ਆਨ-ਸ਼ਾਨ ਲਈ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਦੀ ਯਾਦ ਵਿੱਚ ਕੋਈ ਅਸਥਾਨ ਨਹੀਂ ਬਣਾ ਸਕਦੇ - ਜਿੱਥੇ ਸਦਾ ਦੀਵਾ ਜਗਦਾ ਰਹੇ ? ਕੀ ਅਸੀਂ ਕੋਈ ਯਾਦਗਾਰੀ ਕੰਧ (ਵਾਸ਼ਿੰਗਟਨ ਡੀ. ਸੀ. ਵਿੱਚ ਵੀਅਤਨਾਮ ਜੰਗ ਵਿੱਚ ਮਾਰੇ ਗਏ 60 ਹਜ਼ਾਰ ਦੇ ਲਗਭਗ ਅਮਰੀਕੀ ਫੌਜੀਆਂ ਦੇ ਨਾਂ ਇੱਕ ਕਾਲੀ ਕੰਧ 'ਤੇ ਲਿਖੇ ਹੋਏ ਹਨ - ਜਿੱਥੇ ਰੋਜ਼ਾਨਾ ਹਜ਼ਾਰਾਂ ਲੋਕ ਆਉਂਦੇ ਹਨ) ਨਹੀਂ ਬਣਾ ਸਕਦੇ ਜਿਸ ਤੇ ਆਪਣੇ ਸ਼ਹੀਦਾਂ ਦੇ ਨਾਂ ਉਕਰ ਦਈਏ ? ਕੀ ਅਸੀਂ ਕੋਈ ਮਿਊਜ਼ੀਅਮ - ਫੋਟੋ ਗੈਲਰੀ - ਲਾਇਬ੍ਰੇਰੀ ਨਹੀਂ ਬਣਾ ਸਕਦੇ, ਜਿਸ ਵਿੱਚ ਸ਼ਹੀਦਾਂ ਦੀਆਂ ਵਸਤੂਆਂ, ਤਸਵੀਰਾਂ, ਉਹਨਾਂ ਸਬੰਧੀ ਲਿਖਤਾਂ ਆਦਿ ਨੂੰ ਸੰਭਾਲਿਆ ਹੋਵੇ ? ਕੀ ਸ਼ਹੀਦਾਂ ਪ੍ਰਤੀ ਸਾਡਾ ਇੰਨਾ ਵੀ ਫਰਜ਼ ਨਹੀਂ ਹੈ ? ਜੇ ਅਸੀਂ ਕੋਈ ਯਾਦਗਾਰ ਸਥਾਨ ਬਣਾ ਕੇ, ਸ਼ਹੀਦਾਂ ਦੇ 'ਅੰਕੜੇ' ਇੱਕ ਥਾਂ ਇਕੱਠੇ ਨਾਂ ਦੇ ਸਕੇ ਤਾਂ ਭਵਿੱਖ ਦੀਆਂ ਨਸਲਾਂ ਨੇ, ਕਦੀ ਮੰਨਣਾ ਹੀ ਨਹੀਂ ਹੈ ਕਿ ਭਾਰਤ ਸਰਕਾਰ ਨੇ ਵੀਹਵੀਂ ਸਦੀ ਦੇ ਅਖੀਰ ਵਿੱਚ ਐਨੇ ਵੱਡੇ ਪੈਮਾਨੇ 'ਤੇ ਸਿੱਖ ਨਸਲਕੁਸ਼ੀ ਕੀਤੀ ਸੀ। ਭਾਰਤ ਸਰਕਾਰ ਨੇ ਇਸ ਗੱਲ ਨੂੰ ਯਕੀਨੀ ਬਣਾਇਆ ਸੀ (ਅਕਾਲੀਆਂ ਦੀ ਮਦਦ ਨਾਲ) ਕਿ ਦਰਬਾਰ ਸਾਹਿਬ ਕੰਪਲੈਕਸ 'ਚੋਂ ਫੌਜੀ ਹਮਲੇ ਦੇ ਸਭ ਸਬੂਤ ਮਿਟਾ ਦਿੱਤੇ ਜਾਣ। ਅੱਜ ਦਰਬਾਰ ਸਾਹਿਬ ਦੇ ਕਿਸੇ 'ਯਾਤਰੂ' ਨੂੰ ਇਹ ਯਕੀਨ ਨਹੀਂ ਹੁੰਦਾ ਕਿ ਇੱਥੇ 24 ਵਰ੍ਹੇ ਪਹਿਲਾਂ ਕਿੰਨਾ ਵੱਡਾ ਘੱਲੂਘਾਰਾ ਵਰਤਾਇਆ ਗਿਆ ਸੀ। ਕੁਝ ਸੌ ਗਜ਼ ਦੀ ਵਿੱਥ 'ਤੇ 89 ਵਰ੍ਹੇ ਪਹਿਲਾਂ, ਜਲਿਆਂਵਾਲੇ ਬਾਗੇ ਵਿੱਚ ਮਾਰੇ ਗਏ 600-700 ਬੰਦਿਆਂ ਦਾ ਤਾਂ 'ਰਾਸ਼ਟਰੀ ਸਮਾਰਕ' ਕਾਇਮ ਹੈ ਪਰ ਕੀ ਜੂਨ-84 ਦੇ ਘੱਲੂਘਾਰੇ ਵਿੱਚ ਮਾਰੇ ਗਏ ਹਜ਼ਾਰਾਂ ਸਿੱਖਾਂ ਦਾ ਕੋਈ ਨਾਮੋ ਨਿਸ਼ਾਨ ਅਸੀਂ ਕਾਇਮ ਨਹੀਂ ਰੱਖਣਾ ਚਾਹਵਾਂਗੇ ?

ਭਾਰਤੀ ਨਕਸ਼ੇ ਦੀ ਕੈਦ ਤੋਂ ਬਾਹਰ ਬੈਠੇ 30 ਲੱਖ ਸਿੱਖ, ਇਹ ਕਰਨ ਦੀ ਸਮਰੱਥਾ ਰੱਖਦੇ ਹਨ। ਨਿਊਯਾਰਕ ਵਿੱਚ ਯੂਨਾਈਟਿਡ ਨੇਸ਼ਨਜ਼ ਦੇ ਹੈਡ-ਕਵਾਟਰ ਦੇ ਨੇੜੇ-ਤੇੜੇ ਸਿੱਖ ਨਸਲਕੁਸ਼ੀ ਦੇ ਸ਼ਿਕਾਰ ਵੀਰਾਂ-ਭੈਣਾਂ ਦੀ ਯਾਦ ਵਿੱਚ ਸਾਨੂੰ 'ਯਾਦਗਾਰ-ਏ-ਸ਼ਹੀਦਾਂ' ਉਸਾਰਨੀ ਚਾਹੀਦੀ ਹੈ, ਜਿਸਦੇ ਨਾਲ ਮਿਊਜ਼ੀਅਮ, ਫੋਟੋ ਗੈਲਰੀ, ਲਾਇਬ੍ਰੇਰੀ ਆਦਿ ਵੀ ਹੋਵੇ ਤਾਂ ਕਿ ਇਹ ਅਸਥਾਨ ਨਾ-ਸਿਰਫ ਇਤਿਹਾਸ ਨੂੰ ਸੰਭਾਲਣ ਵਾਲਾ ਹੀ ਹੋਵੇ ਬਲਕਿ ਭਾਰਤ ਜ਼ੁਲਮਾਂ ਦੀ ਕਹਾਣੀ ਨੂੰ ਹਰ ਚੜ੍ਹਦੇ ਸੂਰਜ ਸਾਨੂੰ ਯਾਦ ਵੀ ਕਰਵਾਏ। ਭਵਿੱਖ ਦੀਆਂ ਪੀੜ੍ਹੀਆਂ ਲਈ ਵੀ ਇਸ 'ਯਾਦਗਾਰ' 'ਚੋਂ 'ਖਾਲਿਸਤਾਨ' ਦੀ ਪ੍ਰੇਰਨਾ ਲਗਾਤਾਰ ਨਿਕਲਦੀ ਰਹੇ। ਕੀ ਅਸੀਂ ਇਹ ਚੈਲੰਜ ਕਬੂਲਦੇ ਹਾਂ ?